# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਵਕੇਸ਼ਨਲ ਟ੍ਰੇਨਿੰਗ ਕੌਂਸਲ

ਵਕੇਸ਼ਨਲ ਟ੍ਰੇਨਿੰਗ ਕੌਂਸਲ (VTC) ਹਾਂਗ ਕਾਂਗ ਦਾ ਸਭ ਤੋਂ ਵੱਡਾ ਵਿਵਸਾਇਕ ਅਤੇ ਪੇਸ਼ੇਵਰ ਸਿੱਖਿਆ ਅਤੇ ਸਿਖਲਾਈ (VPET) ਪ੍ਰਦਾਤਾ ਹੈ। VTC ਰੁਜ਼ਗਾਰ ਤੋਂ ਪਹਿਲਾਂ ਅਤੇ ਦੌਰਾਨ ਵਿਆਪਕ ਸਿਖਲਾਈ ਪ੍ਰੋਗਰਾਮ ਪੇਸ਼ ਕਰਦਾ ਹੈ, ਜਿਸ ਵਿਚ ਵੱਖ ਵੱਖ ਵਿਸ਼ੇ ਜਿਵੇਂ ਕਿ ਸਿਹਤ ਅਤੇ ਜੀਵਨ ਵਿਗਿਆਨ, ਕਾਰੋਬਾਰ, ਬੱਚਿਆਂ ਦੀ ਦੇਖਭਾਲ, ਬਜ਼ੁਰਗ ਅਤੇ ਕਮਿਉਨਿਟੀ ਸੇਵਾਵਾਂ, ਡਿਜ਼ਾਈਨ, ਇੰਜੀਨੀਅਰਿੰਗ, ਮੇਜਬਾਨੀ ਅਤੇ ਜਾਣਕਾਰੀ ਟੈਕਨਾਲੋਜੀ ਅਤੇ ਹਾਂਗਕਾਂਗ ਦੇ ਮੁੱਖ ਆਰਥਿਕ ਖੇਤਰ ਨੂੰ ਪੂਰਾ ਸਮਰਥਨ ਪ੍ਰਦਾਨ ਕਰ ਵਾਲੇ ਅਤੇ ਉੱਭਰ ਰਹੇ ਉਦਯੋਗ ਸ਼ਾਮਲ ਹਨ।

ਸਬੰਧਿਤ ਸੇਵਾਵਾਂ

- VTC VPET ਪ੍ਰੋਗਰਾਮਾਂ ਦੀ ਵਿਸ਼ਾਲ ਸ਼੍ਰੇਣੀ ਪੇਸ਼ ਕਰਦਾ ਹੈ। ਇਹ ਸੁਨਿਸ਼ਚਿਤ ਕਰਨ ਲਈ ਕਿ VPET ਸੇਵਾਵਾਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਹਰੇਕ ਲਈ ਪਹੁੰਚਯੋਗ ਹਨ, ਵੱਖ ਵੱਖ ਨਸਲਾਂ ਦੇ ਲੋਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਮੌਜੂਦਾ ਉਪਾਅ

- ਗੈਰ-ਚੀਨੀ ਬੋਲਣ ਵਾਲੇ (NCS) ਵਿਦਿਆਰਥੀਆਂ ਨੂੰ ਸਮਰਪਿਤ VPET ਪ੍ਰੋਗਰਾਮ

  NCS ਨੌਜਵਾਨਾਂ ਅਤੇ ਬਾਲਗਾਂ ਨੂੰ ਉਨ੍ਹਾਂ ਦੀਆਂ ਵੱਖ ਵੱਖ ਸਿਖਲਾਈ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ VTC ਸਮਰਪਿਤ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਸੈਕੰਡਰੀ ਸਕੂਲ ਛੱਡਣ ਵਾਲਿਆਂ ਲਈ ਕਾਰੋਬਾਰ, ਡਿਜ਼ਾਈਨ, ਅਤੇ ਮੇਜਬਾਨੀ ਦੇ ਡਿਪਲੋਮਾ ਕੋਰਸ, ਸੀਨੀਅਰ ਸੈਕੰਡਰੀ ਵਿਦਿਆਰਥੀਆਂ ਲਈ ਅਪਲਾਈਡ ਲਰਨਿੰਗ ਕੋਰਸ, ਗੈਰ-ਰੁਝੇਵਿਆਂ ਵਾਲੇ ਨੌਜਵਾਨਾਂ ਲਈ ਵਿਵਸਾਇਕ ਵਿਕਾਸ ਪ੍ਰੋਗਰਾਮ, ਵਿਵਸਾਇਕ ਚੀਨੀ ਭਾਸ਼ਾ ਅਤੇ ਵਿਵਸਾਇਕ ਹੁਨਰ ਦੇ ਛੋਟੇ ਕੋਰਸ ਸ਼ਾਮਲ ਹਨ।

- ਵਿਕਲਪਿਕ ਚੀਨੀ ਭਾਸ਼ਾ ਯੋਗਤਾ ਦੀ ਪ੍ਰਵਾਨਗੀ

  ਜਿੱਥੇ ਇਕ ਪ੍ਰੋਗਰਾਮ ਵਿਚ ਦਾਖਲੇ ਲਈ ਹਾਂਗ ਕਾਂਗ ਡਿਪਲੋਮਾ ਆਫ਼ ਸੈਕੰਡਰੀ ਐਜੂਕੇਸ਼ਨ (HKDSE) ਦੇ ਚੀਨੀ ਭਾਸ਼ਾ ਵਿਚ ਇਕ ਵਿਸ਼ੇਸ਼ ਪੱਧਰ ਦੀ ਜ਼ਰੂਰਤ ਹੁੰਦੀ ਹੈ, ਉਥੇ ਵਿਕਲਪਿਕ

| | |
|---|---|
| | ਚੀਨੀ ਭਾਸ਼ਾ ਯੋਗਤਾਵਾਂ ਜਾਂ HKDSE ਅਪਲਾਈਡ ਲਰਨਿੰਗ ਚੀਨੀ ਦੇ ਨਤੀਜਿਆਂ ‘ਤੇ ਵਿਚਾਰ ਕੀਤਾ ਜਾਵੇਗਾ। <br><br> • <u>ਸਹਾਇਤਾ ਸੇਵਾਵਾਂ</u> <br> ਨੌਕਰੀ ਤੋਂ ਪਹਿਲਾਂ ਦੇ ਪ੍ਰੋਗਰਾਮਾਂ ਵਿਚ NCS ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦਾ ਬਿਹਤਰ ਤਰੀਕੇ ਨਾਲ ਮੁਕਾਬਲਾ ਕਰਨ ਅਤੇ ਕੈਂਪਸ ਦੀ ਜ਼ਿੰਦਗੀ ਨੂੰ ਅਨੁਕੂਲ ਬਣਾਉਣ ਵਿਚ ਸਹਾਇਤਾ ਲਈ ਵੱਖੋ ਵੱਖ ਸਹਾਇਤਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਸੇਵਾਵਾਂ ਵਿੱਚ ਅਕਾਦਮਿਕ ਅਤੇ ਸਿਖਲਾਈ ਸਹਾਇਤਾ, ਸਥਾਨਕ ਵਿਦਿਆਰਥੀਆਂ ਅਤੇ ਕਮਿਊਨਿਟੀ ਨਾਲ ਏਕੀਕਰਣ ਦੀਆਂ ਗਤੀਵਿਧੀਆਂ, ਅਤੇ ਕਰੀਅਰ ਦੇ ਵਿਕਾਸ ਲਈ ਸਲਾਹ ਅਤੇ ਸੁਝਾਅ ਪ੍ਰਦਾਨ ਕਰਨਾ ਸ਼ਾਮਲ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • VTC ਸਮਾਨਤਾ ਦੀ ਨੀਤੀ ਨੂੰ ਬਣਾਈ ਰੱਖਣਾ ਅਤੇ ਇਸ ਨੂੰ ਉਤਸ਼ਾਹਤ ਕਰਨਾ ਜਾਰੀ ਰੱਖੇਗਾ ਅਤੇ ਪੇਸ਼ ਕੀਤੇ ਪ੍ਰੋਗਰਾਮਾਂ ਦੀ ਸਾਰਥਕਤਾ ਨੂੰ ਯਕੀਨੀ ਬਣਾਉਣ ਲਈ ਵੱਖ ਵੱਖ ਨਸਲ ਦੇ ਲੋਕਾਂ ਦੀ ਸੇਵਾ ਕਰ ਰਹੇ ਗੈਰ-ਸਰਕਾਰੀ ਸੰਗਠਨਾਂ ਅਤੇ ਸੈਕੰਡਰੀ ਸਕੂਲਾਂ ਨਾਲ ਮਿਲ ਕੇ ਕੰਮ ਕਰੇਗਾ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਆਪਣੇ ਸਿਖਲਾਈ ਅਤੇ ਕਾਰਜਸ਼ੀਲ ਵਾਤਾਵਰਣ ਵਿੱਚ ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਲਈ, VTC ਨੇ ਆਪਣੀਆਂ ਕਾਰਜਸ਼ੀਲ ਇਕਾਈਆਂ ਦੁਆਰਾ ਹਵਾਲੇ ਲਈ ਦਿਸ਼ਾ ਨਿਰਦੇਸ਼ ਤਿਆਰ ਕੀਤੇ ਹਨ। <br> • ਸਟਾਫ ਅਤੇ ਵਿਦਿਆਰਥੀਆਂ ਲਈ ਨਸਲੀ ਬਰਾਬਰਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਅਤੇ ਸ਼ੇਅਰਿੰਗ ਸੈਸ਼ਨਾਂ ਦਾ ਪ੍ਰਬੰਧ ਜਾਰੀ ਰਹੇਗਾ। <br> • VTC ਵੱਖ ਵੱਖ ਨਸਲ ਦੇ ਵਿਦਿਆਰਥੀਆਂ ਵਿਚ ਸਭਿਆਚਾਰਕ ਸ਼ਮੂਲਿਅਤ ਅਤੇ ਏਕੀਕਰਣ ਦੀ ਸਹੂਲਤ ਨੂੰ ਉਤਸ਼ਾਹਤ ਕਰਨ ਲਈ ਗਤੀਵਿਧੀਆਂ ਦਾ ਪ੍ਰਬੰਧ ਕਰਨਾ ਜਾਰੀ ਰੱਖੇਗਾ। <br> • VTC ਦੀ ਸਮਰਪਿਤ ਕਮੇਟੀ ਉਪਰੋਕਤ ਉਪਾਵਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਦੀ ਰਹੇਗੀ। |

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਵੀਟੀਸੀ ਦੇ ਸੀਨੀਅਰ ਅਧਿਕਾਰੀ / ਹੈੱਡਕੁਆਰਟਰ (ਅਕਾਦਮਿਕ ਸੇਵਾਵਾਂ) ਨਾਲ ਹੇਠਾਂ ਦਿੱਤੇ ਮਾਧਿਅਮਾਂ ਦੁਆਰਾ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 2836 1758 |
| ਫੈਕਸ ਨੰ. | : | 2574 3705 |
| ਈਮੇਲ | : | vtchqas@vtc.edu.hk |
| ਡਾਕ ਲਈ ਪਤਾ | : | 14/F VTC Tower, 27 Wood Road, Wanchai, Hong Kong |

*[ਨੋਟ:*

1. *ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਸੰਸਕਰਣ ਵਿਚ ਕੋਈ ਅੰਤਰ ਹੋਣ ਦੀ ਸਥਿਤੀ ਵਿਚ, ਅੰਗਰੇਜ਼ੀ ਸੱਸਕਰਣ ਪ੍ਰਬਲ ਹੋਵੇਗਾ।*
2. *VTC ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਪ੍ਰਾਪਤੀ ਲਈ, ਆਮ ਵਿਆਖਿਆ / ਅਨੁਵਾਦ ਸੇਵਾਵਾਂ ਅੰਗਰੇਜ਼ੀ ਅਤੇ 8 ਹੋਰ ਭਾਸ਼ਾਵਾਂ (ਅਰਥਾਤ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਤਗਾਲੋਗ, ਥਾਈ, ਉਰਦੂ, ਵੀਅਤਨਾਮੀ ਅਤੇ ਪੰਜਾਬੀ) ਬੇਨਤੀ 'ਤੇ ਉਪਲਬਧ ਹੋਣਗੀਆਂ।]*

ਵੋਕੇਸ਼ਨਲ ਟਰੇਨਿੰਗ ਕੌਂਸਲ
ਜੂਨ 2026